SWITCH INSURANCE
AUTO, HOME & COMMERCIAL
Commercial Vehicle Insurance
Commercial Property Insurance
Commercial General Liability (CGL)
Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 22* Issue 193 | Tuesday, October 17, 2023 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

# ਕੈਨੇਡੀਅਨ ਸਰਵੇਲੈਂਸ ਜਹਾਜ਼ ਨੂੰ ਚੀਨ ਦੇ ਲੜਾਕੂ ਜਹਾਜ਼ਾਂ ਨੇ ਰੋਕਿਆ : ਬਲੇਅਰ



ਓਟਵਾ, 16 ਅਕਤੂਬਰ (ਪੋਸਟ ਬਿਊਰੋ) : ਕੈਨੇਡੀਅਨ ਸਰਵੇਲੈਂਸ ਫਲਾਈਟ ਨੂੰ ਸੋਮਵਾਰ ਨੂੰ ਚੀਨ ਦੇ ਲੜਾਕੂ ਜਹਾਜ਼ਾਂ ਵੱਲੋਂ ਰੋਕਿਆ ਗਿਆ। ਰੱਖਿਆ ਮੰਤਰੀ ਬਿੱਲ ਬਲੇਅਰ ਵੱਲੋਂ ਇਸ ਘਟਨਾ ਦੀ ਸਖ਼ਤ ਨੁਕਤਾਚੀਨੀ ਕੀਤੀ ਗਈ।

ਓਟਵਾ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਲੇਅਰ ਨੇ ਆਖਿਆ ਕਿ ਪਿੱਛੇ ਜਿਹੇ ਇਸ ਤਰ੍ਹਾਂ ਹੋਇਆ ਸਾਹਮਣਾ ਨਾ ਤਾਂ ਪੇਸ਼ੇਵਰਾਨਾ ਸੀ ਤੇ ਨਾ ਹੀ ਸੁਰੱਖਿਅਤ ਸੀ। ਇਸ ਮਾਮਲੇ ਵਿੱਚ ਚੀਨੀ ਫੌਜ ਦੀ ਕਾਰਵਾਈ ਸਵੀਕਾਰਨਯੋਗ ਨਹੀਂ ਹੈ ਤੇ ਇਸ ਨਾਲ ਮਿਸ਼ਨ ਉੱਤੇ ਗਏ ਸਾਡੇ ਜਹਾਜ਼ ਨੂੰ ਖਾਹਮਖਾਹ ਖਤਰੇ ਵਿੱਚ ਵੀ ਪਾ ਦਿੱਤਾ ਗਿਆ। ਰੌਇਲ ਕੈਨੇਡੀਅਨ ਏਅਰ ਫੋਰਸ ਦਾ ਸੀਪੀ-140 ਅਰੋਰਾ ਜਹਾਜ਼ ਆਪਰੇਸ਼ਨ ਨਿਓਨ ਵਿੱਚ ਹਿੱਸਾ ਲੈ ਰਿਹਾ ਸੀ। ਇਹ ਆਪਰੇਸ਼ਨ ਉੱਤਰੀ ਕੋਰੀਆ ਉੱਤੇ ਲਾਈਆਂ ਗਈਆਂ ਪਾਬੰਦੀਆਂ ਦੀ ਨਿਗਰਾਨੀ ਲਈ ਸੰਯੁਕਤ ਰਾਸ਼ਟਰ ਵੱਲੋਂ ਚਲਾਇਆ ਗਿਆ ਮਿਸ਼ਨ ਹੈ ਜਿਸ ਵਿੱਚ ਕੈਨੇਡਾ ਆਪਣਾ ਯੋਗਦਾਨ ਪਾ ਰਿਹਾ ਸੀ।

ਨੈਸ਼ਨਲ ਡਿਫੈਂਸ ਵੈੱਬਸਾਈਟ ਵਿੱਚ ਦੱਸਿਆ ਗਿਆ ਹੈ ਕਿ 2018 ਤੋਂ 2026 ਤੱਕ ਕੈਨੇਡਾ ਵੱਲੋਂ ਇਸ ਤਰ੍ਹਾਂ ਦੇ ਨਿਗਰਾਨੀ ਆਪਰੇਸ਼ਨਾਂ ਲਈ ਫੌਜ ਦੇ ਬੇੜੇ, ਜਹਾਜ਼ ਤੇ ਕਰਮਚਾਰੀ ਤਾਇਨਾਤ ਕੀਤੇ ਹਨ। ਇਸ ਦੌਰਾਨ ਇਹ ਧਿਆਨ ਰੱਖਣਾ ਹੁੰਦਾ ਹੈ ਕਿ ਸੰਯੁਕਤ ਰਾਸ਼ਟਰ ਵੱਲੋਂ ਲਾਈਆਂ ਗਈਆਂ ਪਾਬੰਦੀਆਂ ਜਿਵੇਂ ਕਿ ਇੱਕ ਬੇੜੇ ਤੋਂ ਦੂਜੇ ਬੇੜੇ ਉੱਤੇ ਫਿਊਲ ਜਾਂ ਹੋਰਨਾਂ ਵਸਤਾਂ ਦਾ ਲੈਣ ਦੇਣ ਤਾਂ ਨਹੀਂ ਚੱਲ ਰਿਹਾ।

ਇਸ ਘਟਨਾ ਵਿੱਚ ਹੋਇਆ ਇਹ ਕਿ ਪੂਰਬੀ ਚੀਨ ਦੇ ਸਮੁੰਦਰ ਉੱਤੇ ਜਦੋਂ ਇੰਟਰਨੈਸ਼ਨਲ ਏਅਰਸਪੇਸ ਵਿੱਚ ਕੈਨੇਡਾ ਦਾ ਜਹਾਜ਼ ਅਰੋਰਾ ਪਹੁੰਚਿਆ ਤਾਂ ਉਸ ਤੋਂ ਪੰਜ ਮੀਟਰ ਦੀ ਦੂਰੀ ਉੱਤੇ ਚੀਨ ਦੇ ਲੜਾਕੂ ਜਹਾਜ਼ ਆ ਗਏ ਤੇ ਉਸ ਦਾ ਰਾਹ ਰੋਕ ਦਿੱਤਾ। ਇੱਥੇ ਹੀ ਬੱਸ ਨਹੀਂ ਉਨ੍ਹਾਂ ਫਲੇਅਰਜ਼ ਵੀ ਛੱਡੀਆਂ। ਬਲੇਅਰ ਨੇ ਆਖਿਆ ਕਿ ਜਿਸ ਗੈਰ ਪੇਸ਼ੇਵਰਾਨਾ ਢੰਗ ਨਾਲ ਇਹ ਸੱਭ ਕੀਤਾ ਗਿਆ ਹੈ ਉਸ ਤੋਂ ਉਹ ਬਹੁਤ ਪਰੇਸ਼ਾਨ ਹਨ। ਇਹ ਤਰੀਕਾ ਬਹੁਤ ਹੀ ਖਤਰਨਾਕ ਸੀ ਤੇ ਇਸ ਨੂੰ ਸਵੀਕਾਰਿਆ ਨਹੀਂ ਜਾ ਸਕਦਾ। ਉਨ੍ਹਾਂ ਆਖਿਆ ਕਿ ਇਸ ਮੁੱਦੇ ਨੂੰ ਅਸੀਂ ਚੀਨ ਸਾਹਮਣੇ ਬਹੁਤ ਹੀ ਢੁਕਵੇਂ ਢੰਗ ਨਾਲ ਰੱਖਾਂਗੇ।

# ਜੰਗ ਦੇ ਵੀ ਕੁੱਝ ਨਿਯਮ ਹੁੰਦੇ ਹਨ : ਟਰੂਡੋ

ਓਟਵਾ, 16 ਅਕਤੂਬਰ (ਪੋਸਟ ਬਿਊਰੋ) :ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਹਮਸ ਨੂੰ ਇਜ਼ਰਾਈਲੀ ਬੰਧਕਾਂ ਨੂੰ ਤੁਰੰਤ ਛੱਡਣ ਲਈ ਆਖਿਆ ਜਾ ਰਿਹਾ ਹੈ। ਇਸ ਦੇ ਨਾਲ ਹੀ ਗਾਜ਼ਾ ਵਿੱਚ ਮਨੁੱਖਤਾਵਾਦੀ ਮਦਦ ਪਹੁੰਚਾਉਣ ਲਈ ਰਾਹ ਦੇਣ ਦੀ ਮੰਗ ਵੀ ਕੀਤੀ ਗਈ ਹੈ। ਇਸ ਰੀਜਨ ਵਿੱਚ ਜੰਗ ਆਪਣੇ ਦਸਵੇਂ ਦਿਨ ਵਿੱਚ ਦਾਖਲ ਹੋ ਗਈ ਹੈ।

ਮੱਧ ਪੂਰਬ ਦੇ ਮੌਜੂਦਾ ਹਾਲਾਤ ਬਾਰੇ ਹਾਊਸ ਆਫ ਕਾਮਨਜ਼ ਵਿੱਚ ਜਾਣਕਾਰੀ ਮੁਹੱਈਆ ਕਰਵਾਉਂਦਿਆਂ ਟਰੂਡੋ ਨੇ ਆਖਿਆ ਕਿ ਇਹ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਅਜਿਹਾ ਸੱਭ ਵਾਪਰ ਰਿਹਾ ਹੈ। ਟਰੂਡੋ ਨੇ ਆਖਿਆ ਕਿ ਇਜ਼ਰਾਈਲ ਤੇ ਵੈਸਟ ਬੈਂਕ ਤੋਂ ਲੋਕਾਂ ਨੂੰ ਕੱਢਣ ਦਾ ਸਿਲਸਿਲਾ ਜਾਰੀ ਹੈ ਪਰ ਗਾਜ਼ਾ ਵਿੱਚ ਮਨੁੱਖਤਾਵਾਦੀ ਲਾਂਘਾ ਖੋਲ੍ਹਣ ਵਿੱਚ ਕਈ ਚੁਣੌਤੀਆਂ ਸਾਹਮਣੇ ਆ ਰਹੀਆਂ ਹਨ।



ਇੱਥੇ ਇਜ਼ਰਾਈਲ ਵੱਲੋਂ ਫੂਡ, ਪਾਣੀ ਤੇ ਬਿਜਲੀ ਸਪਲਾਈ ਕੱਟ ਦਿੱਤੀ ਗਈ ਹੈ।

ਖੁਦ ਦੀ ਰਾਖੀ ਕਰਨ ਦੇ ਇਜ਼ਰਾਈਲ ਦੇ ਅਧਿਕਾਰ ਦਾ ਕੈਨੇਡਾ ਪੂਰਾ ਸਮਰਥਨ ਕਰਦਾ ਹੈ ਪਰ ਮਨੁੱਖਤਾਵਾਦੀ ਮਦਦ ਮੁਹੱਈਆ ਕਰਵਾਉਣ ਲਈ ਰਾਹ ਨੂੰ ਬਰਕਰਾਰ ਰੱਖਣ ਦੀ ਵੀ ਹਮਾਇਤ ਕਰਦਾ ਹੈ। ਟਰੂਡੋ ਨੇ ਆਖਿਆ ਕਿ ਜੰਗ ਦੇ ਵੀ ਕੋਈ ਨਿਯਮ ਹੁੰਦੇ ਹਨ ਤੇ ਉਨ੍ਹਾਂ ਦੀ ਪਾਲਣਾ ਕੀਤੀ ਜਾਣੀ ਚਾਹੀਦੀ ਹੈ। 7 ਅਕਤੂਬਰ ਨੂੰ ਹਮਸ ਵੱਲੋ ਇਜ਼ਰਾਈਲ ਉੱਤੇ ਹਮਲਾ ਕੀਤੇ ਜਾਣ ਤੋਂ ਬਾਅਦ ਪਹਿਲੀ ਵਾਰੀ ਪਾਰਲੀਆਮੈਂਟ ਦੀ ਕਾਰਵਾਈ ਸ਼ੁਰੂ ਹੋਣ ਉੱਤੇ ਟਰੂਡੋ ਨੇ ਇਹ ਬਿਆਨ ਦਿੱਤਾ। ਸੋਮਵਾਰ ਤੱਕ ਇਸ ਜੰਗ ਕਾਰਨ 4,000 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਸਨ।

## ਭਰੀ ਹੋਈ ਗੰਨ ਤੇ ਨਸ਼ੇ ਰੱਖਣ ਵਾਲੇ ਵਿਅਕਤੀ ਨੂੰ ਕੀਤਾ ਗਿਆ ਗ੍ਰਿਫਤਾਰ

ਟੋਰਾਂਟੋ, 16 ਅਕਤੂਬਰ (ਪੋਸਟ ਬਿਊਰੋ) : ਡਾਊਨਟਾਊਨ ਟੋਰਾਂਟੋ ਵਿੱਚ ਭਰੀ ਹੋਈ ਗੰਨ ਤੇ ਨਸ਼ੇ ਨਾਲ ਲੈ ਕੇ ਘੁੰਮ ਰਹੇ 26 ਸਾਲਾ ਵਿਅਕਤੀ ਨੂੰ 17 ਚਾਰਜਿਜ਼ ਦਾ ਸਾਹਮਣਾ ਕਰਨਾ ਪਵੇਗਾ। ਟੋਰਾਂਟੋ ਪੁਲਿਸ ਨੇ ਆਖਿਆ ਕਿ ਰਾਤੀਂ 10:40 ਦੇ ਨੇੜੇ ਤੇੜੇ ਸ਼ਨਿੱਚਰਵਾਰ ਨੂੰ ਯੰਗ ਤੇ ਡੰਡਾਸ ਸਟਰੀਟ ਇਲਾਕੇ ਵਿੱਚ ਇੱਕ ਵਿਅਕਤੀ ਕੋਲ ਭਰਿਆ ਹੋਇਆ ਹਥਿਆਰ ਤੇ ਨਸ਼ੇ ਹੋਣ ਦੀ ਜਾਣਕਾਰੀ ਮਿਲੀ। ਪੁਲਿਸ ਅਧਿਕਾਰੀਆਂ ਨੇ ਉਸ ਵਿਅਕਤੀ ਨੂੰ ਲੋਕੇਟ ਕਰ ਲਿਆ ਤੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਸ ਕੋਲੋਂ ਭਰਿਆ ਹੋਇਆ



ਵਾਫਨਫੈਬ੍ਰਿੱਕ ਮੌਜ਼ਰ ਤੇ 5 ਰੌਂਦ ਮਿਲੇ। ਪੁਲਿਸ ਨੇ ਦੱਸਿਆ ਕਿ ਜਦੋਂ ਉਸ ਮਸ਼ਕੂਕ ਨੂੰ ਕਾਬੂ ਕੀਤਾ ਗਿਆ ਤਾਂ ਉਸ ਕੋਲੋਂ ਨਸ਼ੇ ਵੀ ਮਿਲੇ।

ਟੋਰਾਂਟੋ ਦੇ 26 ਸਾਲਾ ਟਾਈਲਰ ਵਿਲੀਅਮਜ਼ ਡੈਨਿਸ ਨੂੰ 17 ਚਾਰਜਿਜ਼ ਦਾ ਸਾਹਮਣਾ ਕਰਨਾ ਪਵੇਗਾ। ਉਸ ਨੂੰ ਐਤਵਾਰ ਨੂੰ ਸਵੇਰੇ 10:00 ਵਜੇ ਅਦਾਲਤ ਸਾਹਮਣੇ ਪੇਸ਼ ਕੀਤਾ ਗਿਆ।

## ਟੋਰਾਂਟੋ ਦੇ ਘਰ ਵਿੱਚੋਂ ਮਹਿਲਾ ਦੀ ਮਿਲੀ ਲਾਸ਼, ਪੁਰਸ਼ ਹਿਰਾਸਤ ਵਿੱਚ



ਟੋਰਾਂਟੋ, 16 ਅਕਤੂਬਰ (ਪੋਸਟ ਬਿਊਰੋ) : ਐਤਵਾਰ ਰਾਤ ਨੂੰ ਟੋਰਾਂਟੋ ਦੇ ਪੱਛਮੀ ਸਿਰੇ ਉੱਤੇ ਸਥਿਤ ਘਰ ਵਿੱਚ ਇੱਕ ਮਹਿਲਾ ਦੀ ਲਾਸ਼ ਮਿਲਣ ਤੋਂ ਬਾਅਦ ਕਤਲ ਸਬੰਧੀ ਜਾਂਚ ਕੀਤੀ ਜਾ ਰਹੀ ਹੈ।

ਇੱਕ ਵਿਅਕਤੀ ਦੇ ਹੱਥ ਵਿੱਚ ਚਾਕੂ ਹੋਣ ਦੀਆਂ ਖਬਰਾਂ ਦੇ ਕੇ ਰਾਤੀਂ 10:30 ਤੋਂ ਪਹਿਲਾਂ ਪੁਲਿਸ ਨੂੰ ਸੇਂਟ ਕਲੇਅਰ ਐਵਨਿਊ ਵੈਸਟ ਦੇ ਦੱਖਣ ਵੱਲ ਡੇਵਨਪੋਰਟ ਰੋਡ ਤੇ ਔਕਸਬ੍ਰਿੱਜ ਐਵਨਿਊ ਉੱਤੇ ਸੱਦਿਆ ਗਿਆ। ਜਦੋਂ ਪੁਲਿਸ ਉੱਥੇ ਪਹੁੰਚੀ ਤਾਂ ਉਨ੍ਹਾਂ ਵੱਲੋਂ ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਜਿੱਥੇ ਇਸ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਉਸ ਤੋਂ ਦੋ ਕਿਲੋਮੀਟਰ ਦੀ ਦੂਰੀ ਉੱਤੇ ਰੌਜਰਜ਼ ਤੇ ਓਲਡ ਵੈਸਟਨ ਰੋਡਜ਼ ਨੇੜੇ ਚੇਂਬਰਜ਼ ਐਵਨਿਊ ਉੱਤੇ ਸਥਿਤ ਘਰ ਵਿੱਚ ਮਹਿਲਾ ਦੀ ਲਾਸ਼ ਮਿਲੀ।

ਪੁਲਿਸ ਨੂੰ ਇੱਕ ਮਹਿਲਾ ਬਿਨਾਂ ਸਾਹ ਸਤ ਦੇ ਉੱਥੇ ਪਈ ਮਿਲੀ ਤੇ ਉਸ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਹੋਮੀਸਾਈਡ ਯੂਨਿਟ ਵੱਲੋਂ ਮਾਮਲੇ ਦੀ ਜਾਂਚ ਆਪਣੇ ਹੱਥ ਲੈ ਲਈ ਗਈ ਹੈ। ਮਹਿਲਾ ਤੇ ਪੁਰਸ਼ ਦਰਮਿਆਨ ਕੀ ਰਿਸ਼ਤਾ ਸੀ ਇਸ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ।

## ਇਜ਼ਰਾਈਲ-ਹਮਸ ਜੰਗ ਵਿੱਚ 5 ਕੈਨੇਡੀਅਨਜ਼ ਦੇ ਮਾਰੇ ਜਾਣ ਦੀ ਸਰਕਾਰ ਨੇ ਕੀਤੀ ਪੁਸ਼ਟੀ

ਓਟਵਾ, 16 ਅਕਤੂਬਰ (ਪੋਸਟ ਬਿਊਰੋ) : ਬੀਤੇ ਦਿਨ ਇਜ਼ਰਾਈਲ ਤੇ ਹਮਸ ਦਰਮਿਆਨ ਚੱਲ ਰਹੀ ਜੰਗ ਵਿੱਚ ਪੰਜ ਕੈਨੇਡੀਅਨਜ਼ ਦੇ ਮਾਰੇ ਜਾਣ ਦੀ ਪੁਸ਼ਟੀ ਕੀਤੀ ਗਈ ਹੈ। ਫੈਡਰਲ ਸਰਕਾਰ ਨੇ ਐਤਵਾਰ ਨੂੰ ਆਖਿਆ ਕਿ ਲੈਬਨਾਨ ਵਿੱਚ ਮੌਜੂਦ ਕੈਨੇਡੀਅਨਜ਼ ਨੂੰ ਵੀ ਉੱਥੋਂ ਬਾਹਰ ਨਿਕਲਣ ਦੀ ਸਲਾਹ ਦਿੱਤੀ ਗਈ ਹੈ।

ਕੈਨੇਡਾ ਸਰਕਾਰ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਸ਼ਨਿੱਚਰਵਾਰ ਨੂੰ ਜਿੱਥੇ ਚਾਰ ਕੈਨੇਡੀਅਨਜ਼ ਦੇ ਮਾਰੇ ਜਾਣ ਦੀ ਖਬਰ ਸੀ ਹੁਣ ਉੱਥੇ ਐਤਵਾਰ ਨੂੰ ਇਹ ਗਿਣਤੀ ਵੱਧ ਕੇ ਪੰਜ ਹੋ ਗਈ ਹੈ। ਇਨ੍ਹਾਂ ਤੋਂ ਇਲਾਵਾ ਤਿੰਨ ਹੋਰਨਾਂ ਲਾਪਤਾ ਕੈਨੇਡੀਅਨਜ਼ ਦੀ ਵੀ ਭਾਲ ਕੀਤੀ ਜਾ ਰਹੀ ਹੈ। ਪਾਰਲੀਆਮੈਂਟ ਹਿੱਲ ਉੱਤੇ ਇਸ ਸਬੰਧ ਵਿੱਚ ਮੁਜ਼ਾਹਰੇ ਦੌਰਾਨ ਓਟਵਾ ਵਿੱਚ ਟੈਕਨੀਕਲ ਬ੍ਰੀਫਿੰਗ ਦਿੰਦਿਆਂ ਗਲੋਬਲ ਅਫੇਅਰਜ਼ ਕੈਨੇਡਾ ਦੀ ਅਸਿਸਟੈਂਟ ਡਿਪਟੀ ਮਨਿਸਟਰ ਫੌਰ ਕਾਊਂਸਲਰ ਸਕਿਊਰਿਟੀ ਐਂਡ ਐਮਰਜੰਸੀ ਮੈਨੇਜਮੈਂਟ ਜੂਲੀ ਨੇ ਇਹ



ਐਲਾਨ ਕੀਤਾ। ਉਨ੍ਹਾਂ ਆਖਿਆ ਕਿ ਅਸੀਂ ਲਾਪਤਾ ਕੈਨੇਡੀਅਨਜ਼ ਦਾ ਪਤਾ ਲਾਉਣ ਦੀ ਪੂਰੀ ਕੋਸ਼ਿਸ਼ ਕਰ ਰਹੇ ਹਾਂ ਤੇ ਉਨ੍ਹਾਂ ਨੂੰ ਲੱਭ ਕੇ ਕੈਨੇਡਾ ਲਿਆਉਣਾ ਚਾਹੁੰਦੇ ਹਾਂ।

ਜ਼ਿਕਰਯੋਗ ਹੈ ਕਿ ਪਿਛਲੇ ਵੀਕੈਂਡ ਹਮਸ ਦੇ ਅੱਤਵਾਦੀਆਂ ਵੱਲੋਂ ਇਜ਼ਰਾਈਲ ਉੱਤੇ ਹਮਲਾ ਬੋਲ ਕੇ ਕਈ ਲੋਕਾਂ ਨੂੰ ਬੰਦੀ ਬਣਾ ਲਿਆ ਗਿਆ ਸੀ ਤੇ ਬਦਲਾ ਲਊ ਕਾਰਵਾਈ ਵਿੱਚ ਇਜ਼ਰਾਈਲ ਵੱਲੋਂ ਗਾਜ਼ਾ ਉੱਤੇ ਹਵਾਈ ਹਮਲਾ ਬੋਲਿਆ ਗਿਆ ਸੀ। ਇਸ ਦੌਰਾਨ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਮਾਰੇ ਜਾ ਚੁੱਕੇ ਹਨ, ਜ਼ਖ਼ਮੀ ਹੋਏ ਹਨ ਤੇ ਬੇਘਰ ਹੋ ਗਏ ਹਨ।

## ਡੰਪ ਟਰੱਕ ਵੱਲੋਂ ਟੱਕਰ ਮਾਰੇ ਜਾਣ ਕਾਰਨ ਮਹਿਲਾ ਦੀ ਹੋਈ ਮੌਤ



ਟੋਰਾਂਟੋ, 16 ਅਕਤੂਬਰ (ਪੋਸਟ ਬਿਊਰੋ) : ਸੋਮਵਾਰ ਨੂੰ ਡੰਪ ਟਰੱਕ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਮਹਿਲਾ ਦੀ ਮੌਤ ਹੋ ਗਈ। ਇਹ ਜਾਣਕਾਰੀ ਟੋਰਾਂਟੋ ਪੁਲਿਸ ਵੱਲੋਂ ਦਿੱਤੀ ਗਈ। ਹਾਦਸੇ ਦੀ ਜਾਣਕਾਰੀ ਦੇ ਕੇ ਪੁਲਿਸ ਅਧਿਕਾਰੀਆਂ ਨੂੰ ਸਵੇਰੇ 10:30 ਵਜੇ ਡੈਵਿਸਵਿੱਲ ਐਵਨਿਊ ਤੇ ਮਾਊਂਟ ਪਲੈਜ਼ੈਂਟ ਰੋਡ ਏਰੀਆ ਵਿੱਚ ਸੱਦਿਆ ਗਿਆ। ਟੋਰਾਂਟੋ ਪੁਲਿਸ ਸਰਵਿਸ (ਟੀਪੀਐਸ) ਦੇ ਡਿਊਟੀ ਇੰਸਪੈਕਟਰ ਜੈੱਫ ਬੈਂਗਿਲਡ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਇੱਕ ਬਜ਼ੁਰਗ ਮਹਿਲਾ ਵਾਕਰ ਦੀ ਮਦਦ ਨਾਲ ਤੁਰੀ ਜਾ ਰਹੀ ਸੀ ਜਦੋਂ ਟਰੱਕ ਵੱਲੋਂ ਉਸ ਨੂੰ ਟੱਕਰ ਮਾਰੀ ਗਈ। ਪੁਲਿਸ ਅਨੁਸਾਰ ਮਹਿਲਾ ਰਾਹਗੀਰਾਂ ਲਈ ਵਾਕ ਸਿਗਨਲ ਤੋਂ ਦੱਖਣ ਵੱਲ ਜਾ ਰਹੀ ਸੀ ਜਦੋਂ ਡੰਪ ਟਰੱਕ ਨੇ ਗ੍ਰੀਨ ਸਿਗਨਲ ਹੋਣ ਤੋਂ ਬਾਅਦ ਮਾਊਂਟ ਪਲੈਜ਼ੈਂਟ ਰੋਡ ਉੱਤੇ ਸੱਜੇ ਹੱਥ ਵੱਲ ਮੁੜਨਾ ਸ਼ੁਰੂ ਕੀਤਾ। ਐਨੇ ਵਿੱਚ ਹੀ ਟਰੱਕ ਮਹਿਲਾ ਨਾਲ ਟਕਰਾ ਗਿਆ। ਮਹਿਲਾ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਡਰਾਈਵਰ ਮੌਕੇ ਉੱਤੇ ਹੀ ਮੌਜੂਦ ਰਿਹਾ ਤੇ ਜਾਂਚ ਵਿੱਚ ਉਸ ਵੱਲੋਂ ਸਹਿਯੋਗ ਵੀ ਕੀਤਾ ਜਾ ਰਿਹਾ ਹੈ। ਅਜੇ ਤੱਕ ਮਹਿਲਾ ਦੀ ਪਛਾਣ ਨਹੀਂ ਹੋ ਸਕੀ।

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI 416.994.7272
www.allkindinsurance.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

MagGas Medical Brampton
MGM MAGGAS MEDICAL INC. Helping you breathe deep and rest easy.
•CPAP machines, masks and supplies
•Free consultations
•30 day mask exchange
•Free deliveries
(647) 954-9885
20 Maritime Ont Blvd Unit 15 Brampton, ON L6S 0C2

Allstate. You're in good hands.
+ Insurance
Shawn Budwal
Allstate Sales Agent
Waterdown Agency
94 Dundas Street East, Unit 3
289-678-4024
sbudwal@allstate.ca
Trademark used under licence by Allstate Insurance Company.

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

SUPER VISA INSURANCE EXPERTS
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor
Ph: 416.724.5000
7003 Steeles Ave. W, Unit 10, Etobicoke, ON, M9W 0A2
gill@punjabinsurance.ca
topinsuranceservices.ca

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
416 938 4598

INSURANCE
○Home ○Auto
○Business ○Trucking
○Life Insurance ○Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Aaxel InsuranceBrokers Ltd.
1332 Khalsa Dr, Unit # 11,

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

KELLEY LAW OFFICE
Immigration, Real Estate
Family Law, Business Closing
Corporate, Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Brokerage Lic.12538
Harpreet Singh Goraya Principal Broker
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

## 'ਮਾਸਟਰ ਸ਼ੈਫ ਸਿੰਗਾਪੁਰ' ਦਾ ਚੌਥਾ ਐਡੀਸ਼ਨ ਭਾਰਤੀ ਮੂਲ ਦੇ ਵਿਅਕਤੀ ਨੇ ਜਿੱਤਿਆ

ਸਿੰਗਾਪੁਰ, 16 ਅਕਤੂਬਰ (ਪੋਸਟ ਬਿਊਰੋ): ਭਾਰਤੀ ਮੂਲ ਦੇ ਸਿੰਗਾਪੁਰ ਦੇ ਨਾਗਰਿਕ ਇੰਦਰਪਾਲ ਸਿੰਘ ਨੂੰ 'ਮਾਸਟਰ ਸ਼ੈੱਫ ਸਿੰਗਾਪੁਰ' ਦੇ ਚੌਥੇ ਐਡੀਸ਼ਨ ਦਾ ਜੇਤੂ ਐਲਾਨਿਆ ਗਿਆ ਹੈ। ਉਸ ਨੇ ਇਹ ਜਿੱਤ ਮੁਕਾਬਲੇ ਦੇ ਆਖ਼ਰੀ ਪੜਾਅ ਵਿੱਚ ਤਿਕੋਣੀ ਮੁਕਾਬਲੇ ਵਿੱਚ ਹਾਸਲ ਕੀਤੀ। ਚੈਨਲ ਨਿਊਜ਼ ਏਸ਼ੀਆ ਦੀ ਰਿਪੋਰਟ ਮੁਤਾਬਕ ਹਫ਼ਤਿਆਂ ਦੇ ਮੁਕਾਬਲੇ ਤੋਂ ਬਾਅਦ ਸਿੰਘ ਨੇ ਕੁਕਿੰਗ ਰਿਐਲਿਟੀ ਸ਼ੋਅ ਦਾ ਚੌਥਾ ਐਡੀਸ਼ਨ ਜਿੱਤਿਆ। ਇਸ ਪ੍ਰੋਗਰਾਮ ਦਾ ਫਾਈਨਲ ਐਤਵਾਰ ਨੂੰ ਪ੍ਰਸਾਰਿਤ ਕੀਤਾ ਗਿਆ। ਸਿੰਘ ਨੂੰ 10 ਹਜ਼ਾਰ ਸਿੰਗਾਪੁਰ ਡਾਲਰ (ਕਰੀਬ 6.7 ਲੱਖ ਰੁਪਏ) ਨਕਦ ਅਤੇ ਹੋਰ ਤੋਹਫ਼ੇ ਵਜੋਂ ਮਿਲੇ।

ਖਾਣ-ਪੀਣ ਦੀਆਂ ਚੀਜ਼ਾਂ ਵੇਚਣ ਦਾ ਕਾਰੋਬਾਰ ਚਲਾਉਣ ਵਾਲੇ ਸਿੰਘ ਨੇ ਤਿਕੋਣੀ ਮੁਕਾਬਲੇ ਵਿੱਚ ਜਿੱਤ ਹਾਸਲ ਕੀਤੀ। ਉਸਨੇ 90 ਵਿੱਚੋਂ 76.6 ਅੰਕ ਪ੍ਰਾਪਤ ਕੀਤੇ, ਉਸਨੇ ਆਪਣੀ ਨਜ਼ਦੀਕੀ



ਵਿਰੋਧੀ ਟੀਨਾ ਅਮੀਨ ਨੂੰ 3.6 ਅੰਕਾਂ ਨਾਲ ਹਰਾਇਆ, ਜਦੋਂ ਕਿ ਮੈਂਡੀ ਕੀ ਤੀਜੇ ਸਥਾਨ 'ਤੇ ਰਹੀ। ਸਿੰਘ ਨੇ ਪ੍ਰੈਸ ਨੂੰ ਜਾਰੀ ਇੱਕ ਬਿਆਨ ਵਿੱਚ ਕਿਹਾ ਕਿ ਉਹ ਸ਼ਬਦਾਂ ਵਿੱਚ ਬਿਆਨ ਨਹੀਂ ਕਰ ਸਕਦੇ ਕਿ ਉਹ ਇਸ ਸਮੇਂ ਕਿਵੇਂ ਮਹਿਸੂਸ ਕਰ ਰਹੇ ਹਨ। ਉਸ ਨੇ ਕਿਹਾ ਕਿ ਇਸ ਮੁਕਾਬਲੇ ਦੀ ਟਰਾਫੀ ਹਾਸਲ ਕਰਨਾ ਇਕ ਸੁਪਨੇ ਦੇ ਸਾਕਾਰ ਹੋਣ ਵਰਗਾ ਸੀ ਅਤੇ ਉਸ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਰਸੋਈ ਕਲਾ ਦੇ ਖੇਤਰ ਵਿਚ ਮਸ਼ਹੂਰ ਹਸਤੀ ਬਣ ਸਕਦਾ ਹੈ।

# ਨਿਠਾਰੀ ਮਾਮਲੇ ਵਿਚ ਇਲਾਹਾਬਾਦ ਹਾਈਕੋਰਟ ਨੇ ਸੁਰਿੰਦਰ ਕੋਲੀ ਤੇ ਮੋਨਿੰਦਰ ਸਿੰਘ ਪੰਧੇਰ ਨੂੰ ਕੀਤਾ ਬਰੀ

ਨਵੀਂ ਦਿੱਲੀ, 16 ਅਕਤੂਬਰ (ਪੋਸਟ ਬਿਊਰੋ): ਇਲਾਹਾਬਾਦ ਹਾਈਕੋਰਟ ਨੇ ਨੋਇਡਾ ਦੇ ਨਿਠਾਰੀ ਮਾਮਲੇ 'ਚ ਸੁਰਿੰਦਰ ਕੋਲੀ ਨੂੰ ਬਰੀ ਕਰ ਦਿੱਤਾ ਹੈ। ਕਈ ਦਿਨਾਂ ਦੀ ਬਹਿਸ ਤੋਂ ਬਾਅਦ ਅਦਾਲਤ ਨੇ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ ਸੀ। ਹਾਈਕੋਰਟ ਨੇ ਸੋਮਵਾਰ ਨੂੰ ਆਪਣਾ ਫੈਸਲਾ ਸੁਣਾਇਆ। ਅਦਾਲਤ ਨੇ ਸੁਰਿੰ-ਦਰ ਕੋਲੀ ਨੂੰ ਬਰੀ ਕਰ ਦਿੱਤਾ। ਹੇਠਲੀ ਅਦਾਲਤ ਨੇ ਉਸ ਨੂੰ ਮੌਤ ਦੀ ਸਜ਼ਾ ਸੁਣਾਈ ਸੀ। ਉਨ੍ਹਾਂ ਨੇ ਇਸ ਦੇ ਖਿਲਾਫ ਇਲਾਹਾ-ਬਾਦ ਹਾਈਕੋਰਟ 'ਚ ਪਟੀਸ਼ਨ ਦਾਇਰ ਕੀਤੀ ਸੀ। ਕੋਠੀ ਡੀ 5 ਦੇ ਮਾਲਕ ਮੋਨਿੰ-ਦਰ ਸਿੰਘ ਪੰਧੇਰ ਨੂੰ ਵੀ ਅਦਾਲਤ ਨੇ ਬਰੀ ਕਰ ਦਿੱਤਾ ਹੈ। ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ ਅਤੇ ਜਸਟਿਸ ਐਸਏਐਚ ਰਿਜ਼ਵੀ ਦੀ ਅਦਾਲਤ ਨੇ ਇਹ ਫੈਸਲਾ ਦਿੱਤਾ।

ਇਲਾਹਾਬਾਦ ਹਾਈਕੋਰਟ ਨੇ ਨਿਠਾਰੀ ਕੇਸ ਦੇ ਦੋਸ਼ੀਆਂ ਮਨਿੰਦਰ ਸਿੰਘ ਪੰਧੇਰ ਅਤੇ ਸੁਰਿੰਦਰ ਕੋਲੀ ਨੂੰ ਸੁਣਾਈ ਫਾਂਸੀ ਦੀ



ਸਜ਼ਾ ਵਿਰੁੱਧ ਅਪੀਲ 'ਤੇ ਦੋਵਾਂ ਧਿਰਾਂ ਦੀਆਂ ਦਲੀਲਾਂ ਪੂਰੀਆਂ ਹੋਣ ਤੋਂ ਬਾਅਦ ਫੈਸਲਾ ਸੁਰੱਖਿਅਤ ਰੱਖ ਲਿਆ ਸੀ। ਫਾਂਸੀ ਦੀ ਸਜ਼ਾ ਖ਼ਿਲਾਫ਼ ਦੋਵਾਂ ਹਾਈਕੋਰਟਾਂ ਵਿੱਚ ਅਪੀਲਾਂ ਦਾਇਰ ਕੀਤੀਆਂ ਗਈਆਂ ਹਨ। ਵੱਖ-ਵੱਖ ਡਿਵੀਜ਼ਨ ਬੈਂਚਾਂ ਨੇ 134 ਦਿਨਾਂ ਦੀ ਲੰਮੀ ਸੁਣਵਾਈ ਕੀਤੀ। ਕੋਲੀ 'ਤੇ ਦੋਸ਼ ਹੈ ਕਿ ਉਹ ਪੰਧੇਰ ਕੋਠੀ ਦਾ ਕੇਅਰਟੇਕਰ ਸੀ ਅਤੇ ਲੜਕੀਆਂ ਨੂੰ ਵਰਗਲਾ ਕੇ ਕੋਠੀ 'ਚ ਲੈ ਜਾਂਦਾ ਸੀ। ਨਿਠਾਰੀ ਪਿੰਡ ਦੀਆਂ ਦਰਜਨਾਂ ਕੁੜੀਆਂ ਲਾਪਤਾ ਹੋ ਗਈਆਂ। ਉਨ੍ਹਾਂ ਦਾ ਕਤਲ ਕਰ ਦਿੱਤਾ ਸੀ।

ਨੋਇਡਾ ਦੇ ਨਿਠਾਰੀ ਕੇਸ ਵਿੱਚ ਕੋਲੀ ਨੂੰ ਇੱਕ ਦਰਜਨ ਤੋਂ ਵੱਧ ਮਾਮਲਿਆਂ ਵਿੱਚ ਹੇਠਲੀ ਅਦਾਲਤ ਨੇ ਮੌਤ ਦੀ ਸਜ਼ਾ ਸੁਣਾਈ ਹੈ। ਇਹ ਘਟਨਾ ਸਾਲ 2005-06 ਦੀ ਹੈ। ਮਾਮਲਾ ਉਦੋਂ ਉਜਾਗਰ ਹੋਇਆ ਜਦੋਂ ਨੌਕਰੀ ਦੀ ਤਲਾਸ਼ ਵਿੱਚ ਘਰੋਂ ਨਿਕਲੀ ਲੜਕੀ ਦੇ ਪਿਤਾ ਨੇ ਨੋਇਡਾ ਦੇ ਸੈਕਟਰ-20 ਥਾਣੇ ਵਿੱਚ ਆਪਣੀ ਧੀ ਦੀ ਗੁੰਮਸ਼ੁਦਗੀ ਦੀ ਰਿਪੋਰਟ ਦਰਜ ਕਰਵਾਈ। ਪੁਲਿਸ ਜਾਂਚ ਦੌਰਾਨ ਦਿਲ ਦਹਿਲਾ ਦੇਣ ਵਾਲੀ ਘਟਨਾ ਸਾਹਮਣੇ ਆਈ ਹੈ।

ਪੁਲੀਸ ਨੇ ਨਿਠਾਰੀ ਦੇ ਰਹਿਣ ਵਾਲੇ ਮੋਨਿੰਦਰ ਸਿੰਘ ਪੰਧੇਰ ਦੇ ਘਰ ਦੇ ਪਿੱਛੇ ਬਣੇ ਨਾਲੇ ਵਿੱਚੋਂ ਦਰਜਨਾਂ ਬੱਚਿਆਂ ਅਤੇ ਔਰਤਾਂ ਦੇ ਪਿੰਜਰ ਬਰਾਮਦ ਕੀਤੇ ਸਨ। ਪੁਲੀਸ ਨੇ ਮੋਨਿੰਦਰ ਸਿੰਘ ਅਤੇ ਉਸ ਦੇ ਨੌਕਰ ਸੁਰਿੰਦਰ ਕੋਲੀ ਨੂੰ ਮੁਲਜ਼ਮ ਬਣਾਇਆ ਸੀ। ਪੁਲਿਸ ਜਾਂਚ ਕਰ ਰਹੀ ਸੀ ਤਾਂ ਮਾਮਲਾ ਸੀਬੀਆਈ ਨੂੰ ਟਰਾਂਸਫਰ ਕਰ ਦਿੱਤਾ ਗਿਆ ਸੀ। ਸੀਬੀਆਈ ਨੇ ਦੋਵਾਂ ਖ਼ਿਲਾਫ਼ ਅਗਵਾ, ਬਲਾਤਕਾਰ ਅਤੇ ਕਤਲ ਦੇ ਕੁੱਲ 16 ਕੇਸ ਦਰਜ ਕੀਤੇ ਸਨ।

ਸੁਪਰੀਮ ਕੋਰਟ ਨੇ ਫਾਂਸੀ 'ਤੇ ਰੋਕ ਲਗਾ ਦਿੱਤੀ ਹੈ ਗਾਜ਼ੀਆਬਾਦ ਸਥਿਤ ਸੀਬੀਆਈ ਅਦਾਲਤ ਨੇ ਸੁਰਿੰਦਰ ਕੋਲੀ ਨੂੰ ਦਰਜਨ ਤੋਂ ਵੱਧ ਮਾਮਲਿਆਂ ਵਿੱਚ ਮੌਤ ਦੀ ਸਜ਼ਾ ਸੁਣਾਈ ਹੈ। ਹਾਲਾਂਕਿ ਸੁਪਰੀਮ ਕੋਰਟ ਨੇ ਫਾਂਸੀ ਦੀ ਸਜ਼ਾ 'ਤੇ ਰੋਕ ਲਗਾਈ ਹੋਈ ਹੈ। ਕੋਲੀ ਨੇ ਮੌਤ ਦੀ ਸਜ਼ਾ ਦੇ ਸਾਰੇ ਹੁਕਮਾਂ ਨੂੰ ਇਲਾਹਾਬਾਦ ਹਾਈਕੋਰਟ ਵਿੱਚ ਚੁਣੌਤੀ ਦਿੱਤੀ ਹੈ। ਲੰਬਿਤ ਅਪੀਲ 'ਤੇ ਕਈ ਵਾਰ ਬਹਿਸ ਹੋ ਚੁੱਕੀ ਹੈ ਪਰ ਕਈ ਕਾਰਨਾਂ ਕਰਕੇ ਸੁਣਵਾਈ ਪੂਰੀ ਨਹੀਂ ਹੋ ਸਕੀ। ਕੋਲੀ ਦੇ ਵਕੀਲ ਨੇ ਦਲੀਲ ਦਿੱਤੀ ਕਿ ਕੋਲੀ ਨੇ ਪੁਲਿਸ ਤਸ਼ੱਦਦ ਕਾਰਨ ਆਪਣਾ ਜ਼ੁਰਮ ਕਬੂਲ ਕੀਤਾ ਸੀ।

## ਅੱਜ ਨਾਮਾ

ਅਪਰਾਧੀ ਅੱਗੇ ਤੋਂ ਅੱਗੇ ਹਨ ਵਧੀ ਜਾਂਦੇ,
ਨਹੀਂਉਂ ਕਾਨੂੰਨ ਦੀ ਕਰਨ ਪ੍ਰਵਾਹ ਬੇਲੀ।
ਮਾੜੇ-ਮੋਟੇ ਨਾ ਹਿੰਮਤ ਆ ਪੁਲਸੀਆਂ ਦੀ,
ਆਉਣਾ ਰੋਕਣ ਵੀ ਉਨ੍ਹਾਂ ਦਾ ਰਾਹ ਬੇਲੀ।
ਜਿੱਡੀ ਹੁੰਦੀ ਆ ਪਹੁੰਚ ਅਪਰਾਧੀਆਂ ਦੀ,
ਹੇਠਲੀ ਫੋਰਸ ਨੂੰ ਕੱਖ ਨਹੀਂ ਥਾਹ ਬੇਲੀ।
ਤਾਂਹੀਉਂ ਹੁੰਦਾ ਕੰਟਰੋਲ ਨਹੀਂ ਕਦੀ ਪੱਕਾ,
ਆਉਂਦਾ ਕਦੀ ਨਹੀਂ ਸੁੱਖ ਦਾ ਸਾਹ ਬੇਲੀ।
ਬਦਲਦਾ ਰਾਜ ਤਾਂ ਬਦਲਦੇ ਰਾਜ-ਕਰਤੇ,
ਕਦੀ ਨਾ ਰੁਕੀ ਅਪਰਾਧਾਂ ਦੀ ਚਾਲ ਬੇਲੀ।
ਵੱਜਦਾ ਦਾਬਾ ਤਾਂ ਚੱਟੀ ਹਨ ਲੋਕ ਭਰਦੇ,
ਸਲਾਮਤ ਰੱਖਣ ਨੂੰ ਜਾਨ ਤੇ ਮਾਲ ਬੇਲੀ।

**ਤੀਸ ਮਾਰ ਖਾਂ**

# ਵਿਆਹੁਤਾ ਔਰਤ ਨੂੰ 26 ਹਫ਼ਤਿਆਂ ਵਿਚ ਗਰਭ ਸਮਾਪਤ ਕਰਨ ਦੀ ਇਜਾਜ਼ਤ ਦੇਣ ਤੋਂ ਇਨਕਾਰ

ਨਵੀਂ ਦਿੱਲੀ, 16 ਅਕਤੂਬਰ (ਪੋਸਟ ਬਿਊਰੋ): ਸੁਪਰੀਮ ਕੋਰਟ ਨੇ ਇੱਕ ਵਿਆਹੁਤਾ ਔਰਤ ਨੂੰ 26 ਹਫ਼ਤਿਆਂ ਵਿੱਚ ਗਰਭ () ਸਮਾਪਤ ਕਰਨ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਅਦਾਲਤ ਨੇ ਸੋਮਵਾਰ ਨੂੰ ਕਿਹਾ ਕਿ ਭਰੂਣ ਵਿੱਚ ਕੋਈ ਵਿਗਾੜ ਨਹੀਂ ਦੇਖਿਆ ਗਿਆ। ਜੇਕਰ ਗਰਭ ਅਵਸਥਾ 24 ਹਫ਼ਤਿਆਂ ਤੋਂ ਵੱਧ ਹੈ, ਤਾਂ ਡਾਕਟਰੀ ਗਰਭਪਾਤ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਸਿਖਰਲੀ ਅਦਾਲਤ ਨੇ ਕਿਹਾ ਕਿ ਔਰਤ ਦੀ ਗਰਭ ਅਵਸਥਾ 26 ਹਫ਼ਤੇ ਪੰਜ ਦਿਨ ਸੀ। ਇਸ ਮਾਮਲੇ ਵਿੱਚ ਔਰਤ ਨੂੰ ਤੁਰੰਤ ਕੋਈ ਖ਼ਤਰਾ ਨਹੀਂ ਹੈ ਅਤੇ ਇਹ ਭਰੂਣ ਦੇ ਵਿਗਾੜ ਦਾ ਮਾਮਲਾ ਨਹੀਂ ਹੈ।

ਚੀਫ਼ ਜਸਟਿਸ ਡੀਵਾਈ ਚੰਦਰਚੂੜ, ਜਸਟਿਸ ਜੇਬੀ ਪਾਰਦੀਵਾਲਾ ਅਤੇ ਜਸਟਿਸ ਮਨੋਜ ਮਿਸ਼ਰਾ ਦੀ ਬੈਂਚ ਦੋ ਬੱਚਿਆਂ ਦੀ ਮਾਂ ਨੂੰ 26 ਹਫ਼ਤਿਆਂ ਦੇ ਗਰਭ ਨੂੰ ਖਤਮ ਕਰਨ ਦੀ



ਇਜਾਜ਼ਤ ਦੇਣ ਵਾਲੇ ਸੁਪਰੀਮ ਕੋਰਟ ਦੇ 9 ਅਕਤੂਬਰ ਦੇ ਹੁਕਮ ਨੂੰ ਵਾਪਸ ਬੁਲਾਉਣ ਦੀ ਮੰਗ ਕਰਨ ਵਾਲੀ ਕੇਂਦਰ ਦੀ ਪਟੀਸ਼ਨ 'ਤੇ ਬਹਿਸ ਸੁਣ ਰਹੀ ਸੀ। ਬੈਂਚ ਨੇ ਕਿਹਾ ਕਿ ਮਹਿਲਾ ਦੀ ਡਿਲੀਵਰੀ ਸਰਕਾਰੀ ਖਰਚੇ 'ਤੇ ਏਮਜ਼ 'ਚ ਕੀਤੀ ਜਾਵੇਗੀ। ਜਨਮ ਤੋਂ ਬਾਅਦ, ਮਾਤਾ-ਪਿਤਾ ਨੂੰ ਅੰਤਿਮ ਫੈਸਲਾ ਲੈਣਾ ਹੋਵੇਗਾ ਕਿ ਉਹ ਬੱਚੇ ਨੂੰ ਪਾਲਣ-ਪੋਸ਼ਣ ਕਰਨਾ ਚਾਹੁੰਦੇ ਹਨ ਜਾਂ ਗੋਦ ਲੈਣ ਲਈ ਛੱਡ ਦਿੰਦੇ ਹਨ। ਸਰਕਾਰ ਇਸ ਵਿੱਚ ਹਰ ਸੰਭਵ ਮੱਦਦ ਕਰੇਗੀ।

ਵੀਰਵਾਰ ਨੂੰ ਇਸੇ ਮਾਮਲੇ ਦੀ ਸੁਣਵਾਈ ਕਰਦੇ ਹੋਏ ਬੈਂਚ ਨੇ ਕਿਹਾ ਸੀ ਕਿ ਅਸੀਂ ਬੱਚੇ ਨੂੰ ਨਹੀਂ ਮਾਰ ਸਕਦੇ। ਨਾਲ ਹੀ, ਬੈਂਚ ਨੇ ਕਿਹਾ ਸੀ ਕਿ ਅਣਜੰਮੇ ਬੱਚੇ ਦੇ ਅਧਿਕਾਰਾਂ ਅਤੇ ਮਾਂ ਦੀ ਸਿਹਤ ਦੇ ਆਧਾਰ 'ਤੇ ਫੈਸਲੇ ਲੈਣ ਦੇ ਅਧਿਕਾਰਾਂ ਵਿਚਕਾਰ ਸੰਤੁਲਨ ਸਥਾਪਤ ਕਰਨ ਦੀ ਜ਼ਰੂਰਤ ਹੈ।

## ਰਾਹੁਲ ਗਾਂਧੀ ਨੇ ਮਿਜ਼ੋਰਮ 'ਚ ਕੱਢੀ ਪੈਦਲ ਯਾਤਰਾ, ਆਖਿਆ- ਦੋ ਹਿੱਸਿਆਂ 'ਚ ਵੰਡਿਆ ਗਿਆ ਮਣੀਪੁਰ

ਨਵੀਂ ਦਿੱਲੀ, 16 ਅਕਤੂਬਰ (ਪੋਸਟ ਬਿਊਰੋ): ਕਾਂਗਰਸ ਆਗੂ ਰਾਹੁਲ ਗਾਂਧੀ ਸੋਮਵਾਰ ਨੂੰ ਮਿਜ਼ੋਰਮ ਦੇ ਆਇਜ਼ੌਲ ਪਹੁੰਚੇ। ਆਗਾਮੀ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਰਾਹੁਲ ਨੇ ਇੱਥੇ ਇੱਕ ਜਨ ਸਭਾ ਨੂੰ ਸੰਬੋਧਨ ਕੀਤਾ। ਮਣੀਪੁਰ ਦੀਆਂ ਘਟਨਾਵਾਂ ਦਾ ਜ਼ਿਕਰ ਕਰਦੇ ਹੋਏ ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਨਿਸ਼ਾਨਾ ਸਾਧਿਆ। ਰਾਹੁਲ ਗਾਂਧੀ ਨੇ ਕਿਹਾ ਕਿ ਕੁਝ ਮਹੀਨੇ ਪਹਿਲਾਂ ਮੈਂ ਮਣੀਪੁਰ ਗਿਆ ਸੀ। ਮਣੀਪੁਰ ਦੀ ਸੋਚ ਨੂੰ ਭਾਜਪਾ ਨੇ ਤਬਾਹ ਕਰ ਦਿੱਤਾ ਹੈ। ਹੁਣ ਇਹ ਇੱਕ ਰਾਜ ਨਹੀਂ ਸਗੋਂ ਦੋ ਰਾਜ ਹਨ। ਲੋਕਾਂ ਦੇ ਕਤਲ ਹੋਏ ਹਨ, ਔਰਤਾਂ ਨਾਲ ਛੇੜਛਾੜ ਹੋਈ ਹੈ ਪਰ ਪ੍ਰਧਾਨ ਮੰਤਰੀ ਨੇ ਉੱਥੇ ਜਾਣਾ ਜ਼ਰੂਰੀ ਨਹੀਂ ਸਮਝਿਆ।

ਇਸ ਤੋਂ ਪਹਿਲਾਂ ਰਾਹੁਲ ਗਾਂਧੀ ਨੇ ਪੰਜ ਕਿਲੋਮੀਟਰ ਲੰਬੀ ਪੈਦਲ ਯਾਤਰਾ ਕੱਢੀ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਬੈਂਕ ਚੁੱਕੇ ਹੋ? ਆਪਣਾ ਕਰਜਾ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
YOU NEED A MORTGAGE? WE'LL ARRANGE IT FOR YOU NO MATTER WHAT YOUR REASON IS!
Self Employed or Unemployed
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

NATURAL HEALTH SOLUTIONS
Over 20 years Homeopathic/Holistic ways case solving experience
HOMEOPATHY / HOLISTIC ਵਿਧੀ ਰਾਹੀਂ ਬਿਮਾਰੀਆਂ ਦਾ ਇਲਾਜ ਕਰਨ ਦਾ 20 ਸਾਲ ਤੋਂ ਵੱਧ ਦਾ ਤਜ਼ਰਬਾ।
ABDOMINAL, METABOLIC, SKIN ਅਤੇ ਬੱਚਿਆਂ ਨਾਲ ਸੰਬੰਧਿਤ ਬਿਮਾਰੀਆਂ ਜਿਵੇਂ ਕੇ ਭੁੱਖ ਨਾ ਲੱਗਣਾ ਅਤੇ PSYCOLOGICAL ਸੱਮਸਿਆਵਾਂ ਨੂੰ ਠੀਕ ਕਰਨ ਦਾ ਤਜੁਰਬਾ।
ਜੇਕਰ ਕਿਤੋਂ ਹੋਰ ਇਲਾਜ ਨਹੀਂ ਹੋਇਆ ਤਾਂ ਸਾਡੇ ਨਾਲ ਸੰਪਰਕ ਕਰੋ -
ਤੁਹਾਡੀ ਭਾਸ਼ਾ ਬੋਲਦੇ - Hindi, Punjabi & English
ASHFAQ AHMAD (M.Sc.)
- Registered Ontario Homeopath
- Holistic Nutritionist
- Certified Herbalist
Phone: 647-779-5904
Address: 8 Camperdown Ave, Etobicoke.
Clinic hours: all appointment basis for client convenience

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroverCPA Professional Corporation
214-7895 Tranmere Drive, Mississauga ON L5S 1V9

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Forklift Training
Forklift $79 Recertification
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਪੰਜਾਂ ਰਾਜਾਂ ਦੀਆਂ ਚੋਣਾਂ ਨਾਲ ਬੱਝਾ ਜਾਪਦਾ ਹੈਭਾਰਤ ਦਾ ਰਾਜਨੀਤਕ ਭਵਿੱਖ

ਜਤਿੰਦਰ ਪਨੂੰ ਦੀ ਕਲਮ ਤੋਂ



ਭਾਰਤ ਇਸ ਵਕਤ ਪੰਜ ਰਾਜਾਂ ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵੱਲ ਵੇਖ ਰਿਹਾ ਹੈ। ਨਵੰਬਰ ਦੇ ਵਿਚਾਲੇ ਵੋਟਿੰਗ ਸ਼ੁਰੂ ਹੋਣੀ ਅਤੇ ਫਿਰ ਦਸੰਬਰ ਦੇ ਪਹਿਲੇ ਦਿਨ ਅਖੀਰਲੇ ਗੇੜ ਦੀਆਂ ਵੋਟਾਂ ਪੈਣ ਪਿੱਛੋਂ ਤਿੰਨ ਦਸੰਬਰ ਨੂੰ ਨਤੀਜੇ ਆਉਣ ਦੇ ਬਾਅਦ ਇਸ ਦੇਸ਼ ਦੀ ਅਗਲੇ ਸਮੇਂ ਦੀ ਦਸ਼ਾ ਤੇ ਦਿਸ਼ਾ ਤੈਅ ਹੋਣ ਦੀਆਂ ਗੱਲਾਂ ਸੁਣੀਆਂ ਜਾਣ ਲੱਗ ਪਈਆਂ ਹਨ। ਅਸਲ ਵਿੱਚ ਇਹ ਗੱਲ ਸੱਚ ਵੀ ਹੈ ਕਿ ਪਿਛਲੇ ਨੌਂ ਸਾਲਾਂ ਤੋਂ ਦੇਸ਼ ਦੀ ਕਮਾਨ ਸੰਭਾਲੀ ਬੈਠੀ ਪਾਰਟੀ ਅਤੇ ਉਸ ਦੇ ਮੁਖੀ ਲੀਡਰ ਦਾ ਅਕਸ ਇਨ੍ਹਾਂ ਚੋਣਾਂ ਦੇ ਨਤੀਜੇ ਨਾਲ ਅਸਰਦਾਰ ਹੋ ਸਕਦਾ ਹੈ। ਚੋਣਾਂ ਦੇ ਨਤੀਜੇ ਬਾਰੇ ਕਦੇ ਵੀ ਯਕੀਨੀ ਨਹੀਂ ਹੁੰਦਾ ਕਿ ਊਠ ਕਿਸ ਕਰਵਟ ਬੈਠ ਜਾਵੇਗਾ, ਪਰ ਕਦੀ-ਕਦੀ ਇਸ ਬਾਰੇ ਅਗੇਤੇ ਸੰਕੇਤ ਏਦਾਂ ਦੇ ਮਿਲਣ ਲੱਗਦੇ ਹਨ ਕਿ ਉਨ੍ਹਾਂ ਨੂੰ ਮੰਨਣਾ ਭਾਵੇਂ ਮੁਸ਼ਕਲ ਜਾਪਦਾ ਹੋਵੇ, ਨਕਾਰਿਆ ਨਹੀਂ ਜਾ ਸਕਦਾ। ਇਸ ਵਾਰ ਪੰਜ ਰਾਜਾਂ ਦੀਆਂ ਚੋਣਾਂ ਦੇ ਨਤੀਜੇ ਬਾਰੇ ਹੇਠੋਂ ਕੁਝ ਹੋਰ ਪ੍ਰਭਾਵ ਮਿਲਦਾ ਹੈ ਤੇ ਆਪਣੇ ਆਪ ਨੂੰ ਕੌਮੀ ਮੀਡੀਆ ਆਖ ਕੇ ਖੁਸ਼ ਹੋਣ ਵਾਲੇ ਹਿੰਦੀ ਤੇ ਅੰਗਰੇਜ਼ੀ ਦੇ ਬਹੁਤੇ ਚੈਨਲ ਇਸ ਤੋਂ ਐਨ ਉਲਟ ਪ੍ਰਭਾਵ ਪੇਸ਼ ਕਰੀ ਜਾਂਦੇ ਹਨ। ਉਨ੍ਹਾਂ ਰਾਜਾਂ ਦਾ ਗੇੜਾ ਲਾ ਕੇ ਆਏ ਪੱਤਰਕਾਰਾਂ ਦਾ ਕਹਿਣਾ ਹੈ ਕਿ ਓਥੇ ਇਨ੍ਹਾਂ ਚੈਨਲਾਂ ਨੂੰ ਗੰਭੀਰਤਾ ਨਾਲ ਨਹੀਂ ਲਿਆ ਜਾਂਦਾ। ਕੁਝ ਸਮਾਂ ਪਹਿਲਾਂਭਾਰਤ ਦੇ ਲੋਕਾਂ ਨੇ ਦੱਖਣੀ ਰਾਜ ਕਰਨਾਟਕ ਦੀ ਵਿਧਾਨ ਸਭਾ ਚੋਣ ਵੇਲੇ ਇਨ੍ਹਾਂ ਚੈਨਲਾਂ ਦੇ ਸ਼ੋਸ਼ੇ ਸੁਣੇ ਸਨ ਅਤੇ ਜਦੋਂ ਨਤੀਜੇ ਆਏ ਤਾਂ ਇਨ੍ਹਾਂ ਦੇ ਪ੍ਰਚਾਰ ਦੇ ਐਨ ਉਲਟ ਨਿਕਲੇ ਸਨ। ਲੋਕ ਆਖਦੇ ਹਨ ਕਿ ਐਤਕੀਂ ਵੀ ਉਹੋ ਕੁਝ ਹੋ ਸਕਦਾ ਹੈ।

ਅਸੀਂ ਅੱਜ ਦੀ ਘੜੀ ਇਹੋ ਜਿਹੀ ਕੋਈ ਗੱਲ ਨਹੀਂ ਕਹਿੰਦੇ ਕਿ ਉਹੋ ਹੀ ਹੋਵੇਗਾ, ਜੋ ਅਸੀਂ ਸਮਝ ਰਹੇ ਹਾਂ, ਸਗੋਂ ਇਸ ਦੀ ਬਜਾਏਹਾਲਾਤਦਾ ਖਾਕਾ ਪਾਠਕਾਂ ਅੱਗੇ ਪੇਸ਼ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਇਨ੍ਹਾਂ ਪੰਜਾਂ ਵਿੱਚੋਂ ਇੱਕ ਰਾਜ ਮੀਜ਼ੋਰਮ ਤਾਂ ਬਾਕੀ ਭਾਰਤ ਤੋਂ ਨਿੱਖੜਵੇਂ ਖਿੱਤੇ ਵਿਚਲੇ ਉਨ੍ਹਾਂਸੱਤ ਛੋਟੇ ਰਾਜਾਂ ਵਿੱਚੋਂ ਹੈ, ਜਿਨ੍ਹਾਂ ਨੂੰ 'ਸੈਵਨ ਸਿਸਟਰਜ਼' ਕਿਹਾ ਜਾਂਦਾ ਹੈ। ਇਨ੍ਹਾਂ ਸੱਤਾਂ ਰਾਜਾਂ ਨਾਲ ਬਾਕੀ ਦੇਸ਼ ਦਾ ਸੰਪਰਕ ਸਿਰਫ ਆਸਾਮ ਵਿੱਚੋਂ ਲੰਘ ਕੇ ਬਣਦਾ ਹੈ, ਆਸਾਮ ਵਿੱਚ ਹਾਲਾਤ ਕਦੇ ਅਣਸੁਖਾਵੇਂ ਹੋ ਜਾਣ ਤਾਂ ਇਨ੍ਹਾਂ ਸਾਰਿਆਂ ਵਿੱਚ ਅਨਾਜ ਤੋਂ ਪੈਟਰੋਲ-ਡੀਜ਼ਲ ਤੱਕ ਹਰ ਇੱਕ ਚੀਜ਼ ਦੇ ਭਾਅ ਇੱਕੋ ਰਾਤ ਵਿੱਚ ਦੁੱਗਣੇ-ਚੌਗੁਣੇ ਹੋ ਜਾਇਆ ਕਰਦੇ ਹਨ। ਦੂਸਰੀ ਗੱਲ ਇਹ ਕਿ ਇਨ੍ਹਾਂ ਸੱਤੇ ਰਾਜਾਂ ਨਾਲ ਇੱਕ ਜਾਂ ਦੂਸਰੇ ਦੇਸ਼ ਦਾ ਬਾਰਡਰ ਲੱਗਦਾ ਹੈ ਅਤੇ ਉਨ੍ਹਾਂ ਸੱਤਾਂ ਵਿੱਚੋਂ ਬਹੁਤਿਆਂ ਵਿੱਚ ਕਿਸੇ ਨਾ ਕਿਸੇ ਸਮੇਂ ਭਾਰਤ ਨਾਲ ਜੁੜੇ ਰਹਿਣ ਜਾਂ ਵੱਖ ਹੋਣ ਦੀਆਂ ਸੁਰਾਂ ਨਾਲ ਹਥਿਆਰਬੰਦ ਸੰਘਰਸ਼ ਛਿੜਦੇ ਰਹੇ ਜਾਂ ਫਿਰ ਗਵਾਂਢੀ ਦੇਸ਼ ਤੋਂ ਘੁਸਪੈਠ ਕਰ ਕੇ ਹਾਲਾਤ ਖਰਾਬ ਹੋਣ ਦੀਆਂ ਖਬਰਾਂ ਆਉਂਦੀਆਂ ਰਹੀਆਂ ਹਨ। ਜਿਨ੍ਹਾਂ ਪੰਜ ਰਾਜਾਂ ਵਿੱਚ ਚੋਣਾਂ ਕਰਾਉਣ ਲਈ ਇਸ ਵਕਤ ਪ੍ਰੋਗਰਾਮ ਜਾਰੀ ਹੋ ਚੁੱਕਾ ਹੈ, ਉਨ੍ਹਾਂ ਵਿੱਚੋਂ ਮੀਜ਼ੋਰਮ ਵਿੱਚ ਵੀ ਲੰਮਾ ਸਮਾਂ ਇਹੋ ਜਿਹੇ ਹਾਲਾਤ ਰਹਿਣ ਪਿੱਛੋਂਮੋੜਾ ਪਿਆ ਸੀ ਤੇ ਓਥੇ ਦੇਸ਼ ਦੀਆਂ ਕੌਮੀ ਪਾਰਟੀਆਂ ਦੇ ਬਜਾਏ ਸਥਾਨਕ ਲੀਡਰਸ਼ਿਪ ਨਾਲ ਲੋਕ ਬਹੁਤਾ ਜੁੜੇ ਰਹਿੰਦੇ ਹਨ। ਅਗਲੇ ਮਹੀਨੇ ਹੋਣ ਵਾਲੀਆਂ ਚੋਣਾਂ ਵਿੱਚ ਵੀ ਇਸ ਸਥਿਤੀ ਵਿੱਚ ਤਬਦੀਲੀ ਆਉਣ ਦੀ ਅਜੇ ਤੱਕ ਬਹੁਤੀ ਆਸ ਨਹੀਂ।

ਦੂਸਰਾ ਰਾਜ ਤੇਲੰਗਾਨਾ ਪੁਰਾਣੇ ਵੱਡੇ ਰਾਜ ਆਂਧਰਾ ਪ੍ਰਦੇਸ਼ ਤੋਂ ਕੱਟ ਕੇ ਬਣਾਇਆ ਗਿਆ ਤੇ ਪੁਰਾਣੇ ਸਾਂਝੇ ਰਾਜ ਦੀ ਰਾਜਧਾਨੀ ਹੈਦਰਾਬਾਦ ਇਸ ਨੂੰ ਮਿਲੀ ਹੈ। ਕੇਂਦਰ ਦਾ ਰਾਜ ਮਾਣਦੀ ਭਾਰਤੀ ਜਨਤਾ ਪਾਰਟੀ ਦਾ ਦੱਖਣ ਦੇ ਹੋਰ ਰਾਜਾਂ ਵਾਂਗ ਇਸ ਵਿੱਚ ਵੀ ਬਹੁਤਾ ਪ੍ਰਭਾਵ ਨਹੀਂ ਤੇ ਨਵਾਂ ਰਾਜ ਬਣਾਉਣ ਲਈ ਅਗਵਾਈ ਕਰਨ ਵਾਲਾ ਕੇ. ਚੰਦਰਸ਼ੇਖਰ ਰਾਉ ਉੜੀਸਾ ਦੇ ਲੰਮੇ ਸਮੇਂ ਤੋਂ ਚੱਲੇ ਆ ਰਹੇ ਮੁੱਖ ਮੰਤਰੀ ਨਵੀਨ ਪਟਨਾਇਕ ਵਾਂਗ ਕੇਂਦਰ ਸਰਕਾਰ ਲਈ ਲੜਨ ਵਾਲੀਆਂ ਦੋਵਾਂ ਵੱਡੀਆਂ ਸਿਆਸੀ ਧਿਰਾਂ ਭਾਜਪਾ ਅਤੇ ਕਾਂਗਰਸ ਤੋਂ ਬਰਾਬਰ ਫਾਸਲਾ ਰੱਖ ਕੇ ਚੱਲਦਾ ਹੈ। ਇਸ ਵਾਰ ਵੀ ਉਸ ਦਾ ਕਿਲ੍ਹਾ ਮਜ਼ਬੂਤ ਹੈ ਤੇ ਇਹ ਲੱਗਦਾ ਨਹੀਂ ਕਿ ਉਸ ਨੂੰ ਕੋਈ ਧਿਰ ਭੁਆਂਟਣੀ ਦੇ ਸਕੇਗੀ। ਇਸ ਦੇ ਬਾਵਜੂਦ ਕਈ ਵਾਰੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਹ ਦਾਅਵਾ ਕਰ ਛੱਡਦੇ ਹਨ ਕਿ ਇਸ ਵਾਰੀ ਭਾਜਪਾ ਓਥੇ ਰਾਜ ਕਰਨ ਲਈ ਤਿਆਰ ਹੈ, ਪਹਿਲਾਂ ਕਾਂਗਰਸ ਵੀ ਇਹੋ ਕਹਿੰਦੀ ਹੁੰਦੀ ਸੀ, ਅੱਜਕੱਲ੍ਹ ਉਹ ਏਦਾਂ ਕਹਿਣ ਤੋਂ ਹਟ ਗਈ ਹੈ।

ਬਹੁ-ਚਰਚਿਤ ਮਸਲਾ ਰਾਜਸਥਾਨ ਦਾ ਹੈ, ਜਿੱਥੇ ਪਿਛਲੇ ਪੰਜ ਸਾਲ ਕਾਂਗਰਸ ਦਾ ਰਾਜ ਰਿਹਾ, ਪਰ ਇਸ ਦੌਰਾਨ ਮੁੱਖ ਮੰਤਰੀ ਅਸ਼ੋਕ ਗਹਿਲੋਤ ਅਤੇ ਮੁੱਖ ਮੰਤਰੀ ਬਣਨ ਦੇ ਚਾਹਵਾਨ ਸਚਿਨ ਪਾਇਲਟ ਦਾ ਆਢਾ ਵੀ ਲੱਗਾ ਰਿਹਾ ਸੀ ਤੇ ਇੱਕ-ਦੋ ਵਾਰੀ ਇਹ ਚਰਚਾ ਵੀ ਚੱਲਦੀ ਸੁਣੀ ਸੀ ਕਿ ਸਚਿਨ ਪਾਇਲਟ ਭਾਜਪਾ ਵਿੱਚ ਜਾ ਸਕਦਾ ਹੈ। ਮੱਧ ਪ੍ਰਦੇਸ਼ ਵਿੱਚ ਜਿੱਦਾਂ ਭਾਜਪਾ ਨੇ ਕਾਂਗਰਸ ਦੀ ਸਰਕਾਰ ਪਲਟਾਈ ਸੀ, ਰਾਜਸਥਾਨ ਵਿੱਚ ਓਦਾਂ ਪਲਟੀ ਨਹੀਂ ਸੀ ਮਾਰ ਸਕੀ ਅਤੇ ਜਦੋਂ ਅਗਲੀਚੋਣ ਸਿਰ ਉੱਤੇ ਆਈ ਪਈ ਹੈ ਅਤੇ ਭਾਜਪਾ ਵਾਲੇ ਸਮਝਦੇ ਸਨ ਕਿ ਕਾਂਗਰਸੀਆਂ ਦੀ ਕੋੜਮੇ ਦੀ ਲੜਾਈ ਵਿੱਚ ਉਹ ਮੋਰਚਾ ਜਿੱਤਣ ਵਾਲੇ ਹਨ, ਓਦੋਂ ਉਨ੍ਹਾਂ ਦੇ ਆਪਣੇ ਅੰਦਰ ਹੱਦੋਂ ਬਾਹਰਾ ਪਾਟਕ ਪੈ ਗਿਆ ਹੈ। ਸਾਬਕਾ ਮੁੱਖ ਮੰਤਰੀ ਵਸੁੰਧਰਾ ਰਾਜੇ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਦੋ ਧੜਿਆਂ ਦੀ ਆਪੋ ਵਿੱਚ ਖਹਿਬਾਜ਼ੀ ਵਧ ਜਾਣ ਕਾਰਨ ਪਿਛਲੇ ਦਿਨੀਂ ਉਮੀਦਵਾਰਾਂ ਦੀ ਚੋਣ ਵਿੱਚ ਵੀ ਵਸੁੰਧਰਾ ਰਾਜੇ ਨੂੰ ਪੁੱਛਿਆ ਨਹੀਂ ਗਿਆ ਅਤੇ ਉਸ ਦੇ ਪੱਕੇ ਸਮੱਰਥਕਾਂ ਵਾਲੀਆਂ ਸੀਟਾਂ ਉੱਤੇ ਦੂਸਰੇ ਧੜੇ ਵਾਲਿਆਂ ਨੂੰ ਟਿਕਟਾਂ ਦੇ ਦਿੱਤੀਆਂ ਗਈਆਂ ਹਨ। ਵਸੁੰਧਰਾ ਰਾਜੇ ਪਿੱਛੋਂ ਗਵਾਲੀਅਰ ਵਾਲੇ ਰਾਜ ਘਰਾਣੇ ਦੀ ਰਾਜਕੁਮਾਰੀ ਤੇ ਰਾਜਸਥਾਨ ਵਿੱਚ ਧੌਲਪੁਰ ਦੇ ਰਾਜਘਰਾਣੇ ਦੇ ਮਹਾਰਾਜ ਰਾਣਾ ਹੇਮੰਤ ਸਿੰਘ ਨਾਲ ਵਿਆਹੀਹੋਣ ਕਾਰਨ ਰਾਣੀ ਦਾ ਦਰਜਾ ਰੱਖਦੀ ਸੀ। ਉਸ ਦੇ ਮੁਕਾਬਲੇ ਲਈ ਭਾਜਪਾ ਨੇ ਇਸ ਵਾਰੀ ਜੈਪੁਰ ਰਿਆਸਤ ਦੇ ਆਖਰੀ ਮਹਾਰਾਜੇ ਦੀ ਪੋਤੀ ਰਾਜਕੁਮਾਰੀ ਦੀਆ ਕੁਮਾਰੀ ਨੂੰ ਅੱਗੇ ਕੀਤਾ ਹੈ। ਉਹ ਪਾਰਲੀਨੈਂਟ ਦੇ ਉਤਲੇ ਸਦਨ ਲੋਕ ਸਭਾ ਵਿੱਚ ਇਸ ਵੇਲੇ ਭਾਜਪਾ ਮੈਂਬਰ ਹੈ ਅਤੇ ਓਸੇ ਵਰਗੇ ਕੁਝ ਹੋਰ ਪਾਰਲੀਮੈਂਟ ਮੈਂਬਰ ਵੀ ਰਾਜਸਥਾਨ ਦੀ ਅਸੈਂਬਲੀ ਚੋਣ ਲਈ ਭਾਜਪਾ ਨੇ ਉਮੀਦਵਾਰ ਬਣਾਏ ਹਨ, ਜਿਹੜੇ ਸਾਰੇ ਹੀ ਵਸੁੰਧਰਾ ਰਾਜੇ ਦੇ ਵਿਰੋਧੀ ਹਨ। ਇਸ ਸਥਿਤੀ ਦੇ ਨਾਲ ਨਿਪਟਣ ਲਈ ਵਸੁੰਧਰਾ ਰਾਜੇ ਦੇ ਸਮੱਰਥਕਾਂ ਨੇ ਵੱਖ-ਵੱਖ ਹਲਕਿਆਂ ਵਿੱਚ ਆਜ਼ਾਦ ਉਮੀਦਵਾਰਾਂ ਵਜੋਂ ਮੈਦਾਨ ਵਿੱਚ ਆਉਣ ਦਾ ਐਲਾਨ ਇਸ ਤਰ੍ਹਾਂ ਕਰ ਦਿੱਤਾ ਹੈ ਕਿ ਜੇ ਨਰਿੰਦਰ ਮੋਦੀ ਧੜੇ ਨਾਲ ਕਿਸੇ ਤਰ੍ਹਾਂ ਵਸੁੰਧਰਾ ਰਾਜੇ ਦੇ ਧੜੇ ਦਾ ਸਮਝੌਤਾ ਵੀ ਹੋ ਗਿਆ ਤਾਂ ਮੋਦੀ ਧੜੇ ਦੇ ਉਮੀਦਵਾਰਾਂ ਨੂੰ ਇਹ ਆਜ਼ਾਦ ਖੜੋਤੇ ਵਸੁੰਧਰਾ ਸਮੱਰਥਕ ਜਿੱਤਣ ਨਹੀਂ ਦੇਣਗੇ। ਇਸ ਤੋਂ ਉਲਟ ਕਾਂਗਰਸ ਆਗੂ ਪੰਜ ਸਾਲ ਆਪੋ ਵਿੱਚ ਲੜਦੇ ਰਹੇ ਸਨ ਅਤੇ ਚੋਣਾਂ ਨੇੜੇ ਆਣ ਕੇ ਹਾਈ ਕਮਾਨ ਦੇ ਕਹਿਣ ਉੱਤੇ ਆਪਸੀ ਲੜਾਈ ਭੁਲਾ ਕੇ ਇੱਕੋ ਸੇਧ ਵਿੱਚ ਕੰਮ ਕਰਨ ਲਈ ਮੰਨ ਜਾਣ ਨਾਲ ਨਕਸ਼ਾ ਬਦਲਿਆ ਪਿਆ ਹੈ।

ਬਾਕੀ ਦੋ ਰਾਜ ਰਹਿੰਦੇ ਹਨ ਮੱਧ ਪ੍ਰਦੇਸ਼ ਤੇ ਛੱਤੀਸਗੜ੍ਹ। ਇਹ ਪਹਿਲਾਂ ਇੱਕੋ ਰਾਜ ਹੁੰਦੇ ਸਨ ਤੇ ਜਦੋਂ ਇਸ ਨੂੰ ਦੋ ਥਾਂਈਂ ਵੰਡਿਆ ਸੀ ਤਾਂ ਵੰਡ ਵਿੱਚ ਮਿਲੀਆਂ ਵਿਧਾਨ ਸਭਾ ਸੀਟਾਂ ਵਿੱਚੋਂ ਵੱਧ ਕਾਂਗਰਸ ਦੀਆਂ ਹੋਣ ਕਾਰਨ ਕਾਂਗਰਸ ਆਗੂ ਅਜੀਤ ਜੋਗੀ ਨੂੰ ਮੁੱਖ ਮੰਤਰੀ ਬਣਾਇਆ ਗਿਆ ਸੀ। ਉਹ ਕੰਮ ਦਾ ਆਗੂ ਸਾਬਤ ਨਹੀਂ ਸੀ ਹੋ ਸਕਿਆ ਤੇ ਫਿਰ ਅਗਲੀ ਚੋਣ ਵਿੱਚ ਭਾਜਪਾ ਦੀ ਜਿੱਤ ਨਾਲ ਡਾਕਟਰ ਰਮਨ ਸਿੰਘ ਮੁੱਖ ਮੰਤਰੀ ਬਣ ਕੇ ਏਨਾ ਕੁ ਕੰਮ ਕਰਦਾ ਰਿਹਾ ਕਿ ਲਗਾਤਾਰ ਤਿੰਨ ਵਾਰੀ ਛੱਤੀਸਗੜ੍ਹ ਦੀ ਕਮਾਨ ਓਸੇ ਦੇ ਹੱਥ ਰਹੀ ਸੀ। ਚੌਥੀ ਵਾਰੀ ਉਹ ਜਦੋਂ ਹਾਰਿਆ ਸੀ ਤਾਂ ਉਸ ਨੂੰ ਕਾਂਗਰਸ ਨੇ ਨਹੀਂ ਸੀ ਹਰਾਇਆ, ਭਾਜਪਾ ਦੀ ਕੇਂਦਰੀ ਲੀਡਰਸ਼ਿਪ ਵੀ ਸੋਚਦੀ ਸੀ ਕਿ ਜੇ ਲਗਾਤਾਰ ਚੌਥੀ ਵਾਰ ਜਿੱਤ ਜਾਵੇ ਤਾਂ ਅੱਖਾਂ ਵਿਖਾਉਣ ਲੱਗ ਜਾਵੇਗਾ। ਉਸ ਦੀ ਥਾਂ ਕਾਂਗਰਸ ਦਾ ਭੂਪੇਸ਼ ਬਘੇਲ ਮੁੱਖ ਮੰਤਰੀ ਬਣਿਆ ਤਾਂ ਜਿੰਨਾ ਕੰਮ ਡਾਕਟਰ ਰਮਨ ਸਿੰਘ ਵੱਲੋਂ ਕੀਤਾ ਹੋਣ ਕਾਰਨ ਲੋਕਾਂ ਵਿੱਚ ਚਰਚਾ ਦਾ ਵਿਸ਼ਾ ਸੀ, ਭੂਪੇਸ਼ ਬਘੇਲ ਨੇ ਉਸ ਤੋਂ ਵੀ ਵੱਧ ਕੰਮ ਕੀਤਾ ਅਤੇ ਇਸ ਵਕਤ ਆਮ ਰਿਪੋਰਟਾਂ ਹਨ ਕਿ ਉਸ ਦੇ ਕੰਮ ਸਦਕਾ ਕਾਂਗਰਸ ਜਿੱਤ ਸਕਦੀ ਹੈ। ਇਸ ਦੇ ਮੁਕਾਬਲੇ ਲਈ ਭਾਜਪਾ ਨੇ ਪਹਿਲਾਂ ਕੁਝ ਹੋਰ ਆਗੂ ਅੱਗੇ ਕੀਤੇ ਸਨ ਤੇ ਡਾਕਟਰ ਰਮਨ ਸਿੰਘ ਨੂੰ ਅਣਗੌਲਿਆ ਕੀਤਾ ਸੀ, ਪਰ ਜਦੋਂ ਵੇਖਿਆ ਕਿ ਉਸ ਦੇ ਬਿਨਾਂ ਗੱਲ ਨਹੀਂ ਬਣ ਸਕਣੀ ਤਾਂ ਟਿਕਟਾਂ ਵੰਡਣ ਦੇ ਆਖਰੀ ਪੜਾਅ ਵੇਲੇ ਉਸ ਨੂੰ ਬੁਲਾਉਣਾ ਪਿਆ ਸੀ। ਉਸ ਦੇ ਆਉਣ ਨਾਲ ਛੱਤੀਸਗੜ੍ਹ ਵਿੱਚ ਲੜਾਈ ਕੁਝ ਸਖਤ ਹੋਣ ਦੀ ਸੰਭਾਵਨਾ ਬਣ ਗਈ ਹੈ।

ਪੰਜਵਾਂ ਅਤੇ ਸਭ ਤੋਂ ਵੱਧ ਧਿਆਨ ਖਿੱਚਣ ਵਾਲਾ ਰਾਜ ਇਸ ਵੇਲੇ ਮੱਧ ਪ੍ਰਦੇਸ਼ ਹੈ, ਜਿੱਥੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਸਾਮ-ਦਾਮ-ਦੰਡ-ਭੇਦ ਵਰਤ ਕੇ ਪਿਛਲੇ ਦੋ ਦਹਾਕਿਆਂ ਤੋਂ ਰਾਜ ਕਰਦਾ ਆ ਰਿਹਾ ਹੈ। ਉਸ ਦੀ ਸਰਕਾਰ ਦੌਰਾਨ ਨੌਕਰੀਆਂ ਤੇ ਮੁੱਖ ਤਕਨੀਕੀ ਕੋਰਸਾਂ ਵਿੱਚ ਦਾਖਲਿਆਂ ਦਾ 'ਵਿਆਪਮ' ਵਾਲਾ ਮਹਾਂ-ਸਕੈਂਡਲ ਵਾਪਰਿਆ ਸੀ ਤਾਂ ਉਸ ਘੋਟਾਲੇ ਦੇ ਕੁਝ ਪੀੜਤਾਂ ਨੇ ਖੁਦਕੁਸ਼ੀਆਂ ਕੀਤੀਆਂ ਸਨ, ਕੁਝ ਗਵਾਹਾਂ ਦੇ ਕਤਲ ਹੋਏ ਸਨ ਅਤੇ ਸਾਰਾ ਭੇਦ ਖੁੱਲ੍ਹਣ ਦੇ ਡਰ ਕਾਰਨ ਕੁਝ ਦੋਸ਼ੀਆਂ ਦੇ ਵੀ ਫੜੇ ਜਾਣ ਤੋਂ ਪਹਿਲਾਂ ਕਤਲ ਕੀਤੇ ਜਾਣ ਦੀ ਚਰਚਾ ਚੱਲਦੀ ਰਹੀ ਸੀ। ਉਸ ਵਕਤ ਇਸ ਸਕੈਂਡਲ ਨੇ ਧਿਆਨ ਖਿੱਚਿਆ ਤਾਂ ਸੁਪਰੀਮ ਕੋਰਟ ਨੇ ਹੁਕਮ ਕੀਤਾ ਸੀ ਕਿ ਇਸ ਤੋਂ ਬਾਅਦ ਇਸ ਸਕੈਂਡਲ ਨਾਲ ਜੁੜੇ ਹੋਏ ਕਿਸੇ ਪੀੜਤ, ਕਿਸੇ ਗਵਾਹ ਜਾਂ ਦੋਸ਼ੀ ਦਾ ਕਤਲ ਹੋਣ ਦੀ ਨੌਬਤ ਨਹੀਂ ਆਉਣੀ ਚਾਹੀਦੀ ਤੇ ਫਿਰ ਕਤਲ ਹੋਣ ਦਾ ਸਿਲਸਿਲਾ ਰੁਕ ਗਿਆ ਸੀ। ਦੋਸ਼ਾਂ ਦੀ ਉਂਗਲ ਉਸ ਵਕਤ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਦੇ ਪਰਵਾਰ ਤੇ ਓਥੋਂ ਦੇ ਗਵਰਨਰ ਵੱਲ ਵੀ ਉੱਠਦੀ ਰਹੀ ਸੀ, ਪਰ ਜਦੋਂ ਮੁਕੱਦਮਾ ਚੱਲਿਆ ਤਾਂ ਛੋਟੀਆਂ ਮੱਛੀਆਂ ਨੂੰ ਫਸਾ ਕੇ ਅਸਲ ਮੁਜਰਮ ਬਚ ਗਏ ਜਾਂ ਬਚਾਅ ਲਏ ਸਨ। ਉਸ ਪਿੱਛੋਂ ਵੀ ਉਸ ਰਾਜ ਵਿੱਚ ਏਦਾਂ ਦੇ ਸਕੈਂਡਲਾਂ ਦੀ ਲੜੀ ਕਦੀ ਟੁੱਟੀ ਨਹੀਂ ਸੀ ਅਤੇ ਭ੍ਰਿਸ਼ਟਾਚਾਰ ਸਿਖਰਾਂ ਛੂੰਹਦਾ ਰਿਹਾ ਸੀ। ਅੱਜ ਸਥਿਤੀ ਇਹ ਹੈ ਕਿ ਵਿਰੋਧੀਆਂ ਨੇ ਤਾਂ ਕਹਿਣਾ ਹੀ ਹੈ, ਭਾਜਪਾ ਨਾਲ ਜੁੜੇ ਹੋਏ ਲੋਕ ਵੀ ਇਹ ਗੱਲ ਮੰਨਣ ਤੋਂ ਝਿਜਕਦੇ ਨਹੀਂ ਕਿ ਮੱਧ ਪ੍ਰਦੇਸ਼ ਬਚਾਇਆ ਨਹੀਂ ਜਾ ਸਕਣਾ। ਬਚਾਇਆ ਪਿਛਲੀ ਵਾਰੀ ਵੀ ਨਹੀਂ ਸੀ ਜਾ ਸਕਿਆ ਤੇ ਕਾਂਗਰਸ ਦੇ ਕਮਲ ਨਾਥ ਦੀ ਸਰਕਾਰ ਬਣੀ ਸੀ, ਪਰ ਭਾਜਪਾ ਨੇ ਓਥੇ ਵੀ ਕਰਨਾਟਕ ਅਤੇ ਮਹਾਰਾਸ਼ਟਰ ਵਾਂਗ ਰਾਜ ਕਰਦੀ ਧਿਰ ਦੇ ਵਿਧਾਇਕਾਂ ਵਿੱਚੋਂ ਕੁਝ ਆਪਣੇ ਵੱਲ ਖਿੱਚ ਕੇ ਸਰਕਾਰ ਡੇਗੀ ਤੇ ਆਪਣੀ ਸਰਕਾਰ ਬਣਾ ਕੇ ਫਿਰ ਸ਼ਿਵਰਾਜ ਸਿੰਘ ਚੌਹਾਨ ਨੂੰ ਮੁੱਖ ਮੰਤਰੀ ਬਣਾ ਲਿਆ ਸੀ। ਕਾਂਗਰਸ ਵਿੱਚੋਂ ਦਲਬਦਲੀ ਕਰ ਕੇ ਜਾਣ ਵਾਲਿਆਂ ਦੀ ਅਗਵਾਈ ਰਾਜੀਵ ਗਾਂਧੀ ਦੇ ਸਾਥੀ ਮਾਧਵ ਰਾਉ ਸਿੰਧੀਆ ਦੇ ਪੁੱਤਰ ਅਤੇ ਰਾਜਸਥਾਨ ਵਿਚਲੀ ਬੀਬੀ ਵਸੁੰਧਰਾ ਰਾਜੇ ਦੇ ਭਤੀਜੇ ਜਿਉਤਿਰਾਦਿੱਤਿਆ ਸਿੰਧੀਆ ਨੇ ਕੀਤੀ ਸੀ, ਜਿਸ ਖਾਤਰ ਉਸ ਨੂੰ ਕੇਂਦਰ ਸਰਕਾਰ ਦਾ ਮੰਤਰੀ ਬਣਾਇਆ ਗਿਆ ਸੀ, ਪਰ ਬਾਅਦ ਵਿੱਚ ਉਸ ਦੀ ਪੁੱਛਗਿੱਛ ਵੀ ਘਟ ਗਈ ਸੀ। ਉਸ ਦੇ ਸਾਥੀ ਵਿਧਾਇਕਾਂ ਦੀ ਵੀ ਜਦੋਂ ਕੋਈ ਪੁੱਛਗਿੱਛ ਨਹੀਂ ਰਹੀ ਤਾਂ ਉਹ ਸਾਰੇ ਇੱਕ-ਇੱਕ ਕਰ ਕੇ ਭਾਜਪਾ ਛੱਡਣ ਅਤੇ ਕਾਂਗਰਸ ਵਿੱਚ ਮੁੜਨ ਲੱਗੇ ਸਨ ਤੇ ਜਿਉਤਿਰਾਦਿੱਤਿਆ ਸਿੰਧੀਆ ਬੇਸ਼ੱਕ ਕੇਂਦਰੀ ਵਜ਼ੀਰੀ ਨੂੰ ਚਿੰਬੜਿਆ ਪਿਆ ਹੈ, ਉਸ ਦੇ ਸਾਥੀ ਵਿਧਾਇਕਾਂ ਵਿੱਚੋਂ ਇਸ ਵਕਤ ਥੋੜ੍ਹੇ ਜਿਹਿਆਂ ਨੂੰ ਛੱਡ ਕੇ ਬਾਕੀ ਸਭ ਮੋੜਾ ਪਾਈ ਜਾਂਦੇ ਹਨ। ਇਹੋ ਜਿਹੀ ਮਾਂਗਵੀਂ ਧਾੜ ਜਦੋਂ ਕਿਸੇ ਧਿਰ ਨਾਲ ਜੁੜਦੀ ਹੈ ਤਾਂ ਲੜਾਈ ਦਾ ਰੁਖ ਉਸ ਦੇ ਹੱਕ ਵਿੱਚ ਜਿਸ ਤਰ੍ਹਾਂ ਕਰਦੀ ਹੈ, ਜਦੋਂ ਅਚਾਨਕ ਛੱਡ ਕੇ ਪੁਰਾਣੇ ਸਾਥੀਆਂ ਦੀ ਢਾਣੀ ਵਿੱਚ ਜੁੜਨ ਤੁਰ ਪਵੇ ਤਾਂ ਜਿਸ ਪਾਰਟੀ ਨੇ ਉਨ੍ਹਾਂ ਨੂੰ ਹੱਸ ਕੇ ਲਿਆ ਹੋਵੇ, ਉਸ ਵਿੱਚ ਭਾਜੜ ਦੀ ਹਾਲਤ ਵੀ ਪੈਦਾ ਹੋਣ ਦਾ ਕਾਰਨ ਬਣ ਜਾਇਆ ਕਰਦੀ ਹੈ। ਮੱਧ ਪ੍ਰਦੇਸ਼ ਵਿੱਚ ਇਸ ਵਕਤ ਇਹੋ ਹਾਲਤ ਬਣਦੀ ਦਿੱਸ ਰਹੀ ਹੈ।

